ਪੰਜਾਬ ਦੇ ਗੀਤ

ਲੇਖਕ

ਪੰਡਿਤ ਰਾਮ ਸਰਨ ਐਡਵੋਕੇਟ

ਸਰਪਰਸਤ : ਡਾ. ਵਿਭਾ ਸ਼ਰਮਾ

PUNJAB DE GEET پنجابی گانے
By Pandit Ram Saran Advocate

© Reserved with Vibha Sharma

Transliteration by

Dr.Jatinder Kaur
Associate Professor,
Deptt. of Punjabi
M.C.M.D.A.V. College
Chandigarh

Dr. Karamjit Singh
(Professor Retd.)
Deptt. of Punjabi
Kurukshetra University,
Kurukshetra

Dr. Vibha Sharma
(Granddaughter of Pandit Ram Saran)
Associate Professor (Retired)
B.Sc (Hons) Zoology,
M.A., M.Phil & Ph.D. in Public Administration

ਸ਼ਾਹਮੁਖੀ/ਫਾਰਸੀ ਸੰਸਕਰਣ : 1931
ਗੁਰਮੁਖੀ ਵਿੱਚ ਪਹਿਲਾ ਸੰਸਕਰਣ : 2025

ਮੁੱਲ ₹ 250.00

ਸਹਿ ਪ੍ਰਕਾਸ਼ਕ : **ਨਿਊ ਬੁੱਕ ਕੰਪਨੀ**
ਮਾਈ ਹੀਰਾਂ ਗੇਟ, ਜਲੰਧਰ-144008
ਫ਼ੋਨ : 98728-64932, 90411-63924
ਇੰਸਟਾਗ੍ਰਾਮ : @kitabkhazana

ਛਾਪਕ : **ਸੈਂਟੋ ਪ੍ਰਿੰਟਰਜ਼**
ਜੋਸ਼ੀ ਅਸਟੇਟ, ਸੋਢਲ ਰੋਡ, ਜਲੰਧਰ।

ਟਾਈਪ ਸੈਟਿੰਗ : ਮੋਨਿਕਾ ਕੰਪਿਊਟਰਜ਼
ਉਪਕਾਰ ਨਗਰ, ਜਲੰਧਰ।

ਸਮਰਪਣ

ਮੇਰੀ ਪਿਆਰੀ ਮਾਤਾ ਜੀ ਦੀ ਯਾਦ ਵਿੱਚ

ਸ਼੍ਰੀਮਤੀ ਸਵਰਾਜ ਸ਼ਰਮਾ
ਪਤਨੀ ਸ਼੍ਰੀ ਯਗ ਦੱਤ ਸ਼ਰਮਾ
(ਪੰਡਿਤ ਰਾਮ ਸਰਨ ਐਡੋਵੋਕੇਟ ਜੀ ਦੀ ਧੀ)

…… A woman who shaped me and my brother.
……. A woman who was ahead of her time….

Dr. Vibha Sharma
Daughter of Mrs Swaraj Sharma
Granddaughter of Pandit Ram Saran Advocate

ਸ਼ੁਕਰਾਨਾ

ਇਹ ਮੇਰੇ ਲਈ ਵੱਡੀ ਖ਼ੁਸ਼ੀ ਅਤੇ ਅਪਾਰ ਕ੍ਰਿਪਾ ਦੀ ਗੱਲ ਹੈ ਕਿ ਮੈਂ ਪੰਜਾਬੀ ਲੋਕ ਵਿਰਸੇ ਦਾ ਇੱਕ ਅਨਮੋਲ ਰਤਨ "ਪੰਜਾਬ ਦੇ ਗੀਤ" ਨੂੰ ਗੁਰਮੁਖੀ ਸੰਸਕਰਨ ਵਿੱਚ ਪੇਸ਼ ਕਰ ਰਹੀ ਹਾਂ। ਇਹ ਪੁਸਤਕ ਮੂਲ ਰੂਪ ਵਿੱਚ ਵਿਦਵਾਨ ਪੰਡਿਤ ਰਾਮ ਸਰਣ ਦਾਸ, ਐਡਵੋਕੇਟ (1895–1946) ਵੱਲੋਂ ਲਿਖੀ ਗਈ ਸੀ ਅਤੇ ਪਹਿਲੀ ਵਾਰ 1931 ਵਿੱਚ ਸ਼ਾਹਮੁਖੀ ਲਿਪੀ ਵਿੱਚ ਛਪੀ। ਇਸ ਵਿੱਚ ਪੰਜਾਬ ਦੇ ਲੋਕ ਗੀਤਾਂ ਦੀ ਸੰਭਾਲ, ਦਰਜਾਬੰਦੀ ਅਤੇ ਪੇਸ਼ਕਾਰੀ ਕੀਤੀ ਗਈ ਹੈ, ਜੋ ਸਾਡੇ ਵਿਰਸੇ ਦਾ ਪ੍ਰਮੁੱਖ ਹਿੱਸਾ ਹਨ।

ਸਭ ਤੋਂ ਪਹਿਲਾਂ, ਮੈਂ ਪਰਮਾਤਮਾ ਦਾ ਧੰਨਵਾਦ ਕਰਦੀ ਹਾਂ, ਜਿਸ ਨੇ ਮੈਨੂੰ ਇਹ ਮਹੱਤਵਪੂਰਨ ਕੰਮ ਕਰਨ ਲਈ ਚੁਣਿਆ। ਇਹ ਸਿਰਫ਼ ਉਸ ਦੀ ਕਿਰਪਾ ਨਾਲ ਹੀ ਸੰਭਵ ਹੋ ਸਕਿਆ।

ਇਹ ਪੁਸਤਕ ਮੇਰੇ ਮਾਤਾ ਜੀ ਸ੍ਰੀਮਤੀ ਸਵਰਾਜ ਸ਼ਰਮਾ, ਜੋ ਕਿ ਪੰਡਿਤ ਰਾਮ ਸਰਣ ਦਾਸ ਐਡਵੋਕੇਟ ਜੀ ਦੀ ਧੀ ਸਨ, ਨੂੰ ਸਮਰਪਿਤ ਹੈ। ਇਹ ਉਨ੍ਹਾਂ ਦੀ ਯਾਦ ਵਿੱਚ ਇੱਕ ਨਮ੍ਰ ਸ਼ਰਧਾਂਜਲੀ ਹੈ ਅਤੇ ਉਨ੍ਹਾਂ ਦੀ ਨਾਵਾਸੀ ਵਜੋਂ ਇਹ ਮੇਰੀ ਖ਼ੁਸ਼ਕਿਸਮਤੀ ਹੈ ਕਿ ਮੈਂ ਇਹ ਕੰਮ ਕਰ ਸਕੀ।

ਮੈਂ ਡਾ. ਕਰਮਜੀਤ ਸਿੰਘ ਅਤੇ ਡਾ. ਜਤਿੰਦਰ ਕੌਰ ਦਾ ਤਹਿ ਦਿਲੋਂ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਲਿਪਿਅੰਤਰ ਦਾ ਕੰਮ ਬੜੀ ਮਿਹਨਤ ਅਤੇ ਸੰਵੇਦਨਸ਼ੀਲਤਾ ਨਾਲ ਕੀਤਾ। ਉਨ੍ਹਾਂ ਦੇ ਯਤਨਾਂ ਨਾਲ ਇਹ ਵਿਰਾਸਤ ਨਵੀਂ ਪੀੜ੍ਹੀ ਲਈ ਪੁਨਰ ਪ੍ਰਕਾਸ਼ਿਤ ਹੋਈ ਹੈ।

ਮੈਂ 'ਨਿਊ ਬੁੱਕ ਕੰਪਨੀ', ਜਲੰਧਰ, ਪੰਜਾਬ ਅਤੇ ਵਿਸ਼ੇਸ਼ ਤੌਰ 'ਤੇ ਪ੍ਰਕਾਸ਼ਕ ਸ: ਹਰਸਿਮਰਨ ਸਿੰਘ ਜੀ ਦਾ ਵੀ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਇਸ ਸੰਸਕਰਣ ਨੂੰ ਪ੍ਰਕਾਸ਼ਿਤ ਕਰਨ ਵਿੱਚ ਪੂਰਾ ਸਹਿਯੋਗ ਦਿੱਤਾ। ਮੈਂ ਸ: ਬਲਵਿੰਦਰ ਸਿੰਘ ਜੀ ਦਾ ਵੀ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਪੁਸਤਕ ਦੀ ਪੜਤਾਲ ਕਰ ਕੇ ਇਹ ਯਕੀਨੀ ਬਣਾਇਆ ਕਿ ਕਿਸੇ ਵੀ ਤਰ੍ਹਾਂ ਦੀ ਗਲਤੀ ਨਾ ਰਹਿ ਜਾਵੇ।

ਮੈਂ, ਡਾ. ਬਿੰਦੂ ਸ਼ਰਮਾ, ਡਾ. ਮਿਨੀ ਗਰੇਵਾਲ, ਡਾ. ਸੁਖਪਰੀਤ ਭਾਟੀਆ, ਡਾ. ਮ੍ਰਿਦੁਲਾ ਸ਼ਰਮਾ ਅਤੇ ਹੋਰ ਸਹੇਲੀਆਂ ਦਾ ਤਹਿ ਦਿਲੋਂ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਹਮੇਸ਼ਾ ਮੇਰੀ ਹੌਸਲਾ ਅਫਜ਼ਾਈ ਕੀਤੀ ਅਤੇ ਇਸ ਕੰਮ ਨੂੰ ਸਫਲਤਾ ਪੂਰਵਕ ਪੂਰਾ ਕਰਨ ਲਈ ਮੇਰੀ ਹੌਸਲਾ ਅਫ਼ਜਾਈ ਕੀਤੀ।

ਮੈਂ ਮਿਸ ਪ੍ਰਭਦੀਪ ਕੌਰ ਦਾ ਵੀ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਲਿਪਿਅੰਤਰ ਵਿੱਚ ਸਹਾਇਤਾ ਕੀਤੀ।

ਇਸ ਯਤਨ ਦੌਰਾਨ, ਮੈਂ ਆਪਣੇ ਪਤੀ ਸ੍ਰੀ ਅਸ਼ਵਨੀ ਕੁਮਾਰ ਜੀ ਦੀ ਵਿਸ਼ੇਸ਼ ਧੰਨਵਾਦੀ ਹਾਂ, ਜਿਨ੍ਹਾਂ ਦੀ ਹੌਸਲਾ ਅਫਜ਼ਾਈ ਅਤੇ ਸਾਥ ਸਦਾ ਮੇਰੇ ਨਾਲ ਰਿਹਾ। ਨਾਲ ਹੀ, ਮੈਂ ਆਪਣੇ ਪੁੱਤਰ ਸ੍ਰੀ ਅਨੁਭਵ ਤੁਕਨਾਯਤ ਅਤੇ ਮਾਤਾ ਜੀ ਸ੍ਰੀਮਤੀ ਸੁਸ਼ੀਲਾ ਸ਼ਰਮਾ ਜੀ ਦਾ ਵੀ ਦਿਲੋਂ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਮੇਰੇ ਇਸ ਯਤਨ ਦੌਰਾਨ ਹੌਂਸਲੇ, ਸਹਿਯੋਗ ਅਤੇ ਸਮਝਦਾਰੀ ਨਾਲ ਮੇਰਾ ਸਾਥ ਦਿੱਤਾ।

ਅੰਤ ਵਿੱਚ, ਮੈਂ ਉਹਨਾਂ ਪਾਠਕਾਂ ਦੀ ਆਭਾਰੀ ਹਾਂ ਜੋ ਪੰਜਾਬੀ ਲੋਕ ਗੀਤਾਂ ਅਤੇ ਲੋਕ ਵਿਰਸਾ ਨਾਲ ਮੋਹ ਰੱਖਦੇ ਹਨ। ਉਮੀਦ ਕਰਦੀ ਹਾਂ ਕਿ ਇਹ ਸੰਸਕਰਣ ਉਨ੍ਹਾਂ ਲਈ ਲਾਭਕਾਰੀ, ਰੌਚਕ ਅਤੇ ਪ੍ਰੇਰਣਾਦਾਇਕ ਸਾਬਤ ਹੋਵੇਗਾ।

—ਡਾ. ਵਿਭਾ ਸ਼ਰਮਾ
ਚੰਡੀਗੜ੍ਹ
vibhasharma9@gmail.com

ਰਲ ਸ਼ਗਨ ਮਨਾਈਏ

ਪੰਜਾਬ ਦਾ ਲੋਕ-ਸਾਹਿਤ ਪੰਜਾਬੀ ਲੋਕਾਂ ਦੀ ਸਾਂਝੀ ਵਿਰਾਸਤ ਦਾ ਵਡਮੁੱਲਾ ਖ਼ਜ਼ਾਨਾ ਹੈ। ਇਸ ਦੀ ਥਾਹ ਸਮੇਂ-ਸਮੇਂ ਉੱਤੇ ਆਉਣ ਵਾਲੇ ਵਿਦਵਾਨਾਂ ਨੇ ਆਪੋ-ਆਪਣੀ ਸਮਰੱਥਾ ਮੁਤਾਬਕ ਪਾਉਣ ਦੀ ਕੋਸ਼ਿਸ਼ ਕੀਤੀ ਹੈ। 'ਪੰਜਾਬ ਦੇ ਗੀਤ' ਕਿਤਾਬ ਪੰਡਿਤ ਰਾਮ ਸਰਨ ਐਡਵੋਕੇਟ ਜੀ ਦੀ ਇਸੇ ਦਿਸ਼ਾ ਪਾਈ ਉਸ ਪਿਰਤ ਦਾ ਸਾਕਾਰ ਰੂਪ ਹੈ। ਦੇਸ ਵੰਡ ਤੋਂ ਪਹਿਲਾਂ ਪੰਜਾਬੀ ਫ਼ਾਰਸੀ, ਗੁਰਮੁਖੀ ਅਤੇ ਦੇਵਨਾਗਰੀ ਲਿਪੀਆਂ ਵਿੱਚ ਲਿਖੀ ਜਾਂਦੀ ਰਹੀ ਹੈ। ਵੰਡ ਨੇ ਇਸ ਸਾਂਝ ਤੋਂ ਮਹਿਰੂਮ ਕਰ ਕੇ ਪੰਜਾਬੀ ਬੋਲੀ ਨੂੰ ਇੱਕ ਲਿਪੀ ਤਕ ਹੀ ਮਹਿਦੂਦ ਨਹੀਂ ਕੀਤਾ, ਸਗੋਂ ਸਾਹਿਤ ਅਤੇ ਲੋਕ ਸਾਹਿਤ ਤਕ ਪਾਠਕਾਂ ਦੀ ਰਸਾਈ ਵੀ ਘੱਟ ਕਰ ਦਿੱਤੀ। ਫ਼ਾਰਸੀ ਅੱਖਰਾਂ ਵਿੱਚ ਲਿਖਿਆ ਸਾਹਿਤ ਸਰਹੱਦ ਦੇ ਇਸ ਪਾਰ ਅਤੇ ਗੁਰਮੁਖੀ ਅਤੇ ਦੇਵਨਾਗਰੀ ਦੀਆਂ ਲਿਖਤਾਂ ਸਰਹੱਦ ਦੇ ਉਸ ਪਾਰ ਲਿਪੀ ਨਾ ਜਾਣਨ ਬਲਿਆਂ ਲਈ ਅਪਹੁੰਚ ਹੋ ਗਈਆਂ। ਪੰਜਾਬੀ ਵਿਦਵਾਨਾਂ ਦੁਆਰਾ ਪੇਸ਼ ਇੱਕ ਬੋਲੀ ਇੱਕ ਲਿਪੀ ਦਾ ਵਿਚਾਰ ਦੋਹਾਂ ਮੁਲਕਾਂ ਦੀ ਵੰਡ ਨੂੰ ਹੋਰ ਪੀਡਾ ਕਰਦਾ ਚਲਿਆ ਗਿਆ। ਨਤੀਜੇ ਵਜੋਂ ਸਾਹਿਤ ਅਤੇ ਲੋਕ ਸਾਹਿਤ ਦੀਆਂ ਕਿਤਾਬਾਂ ਛਪਣ ਦੇ ਬਾਵਜੂਦ ਅਦਬੀ ਅਦਾਨ-ਪ੍ਰਦਾਨ ਦਾ ਹਿੱਸਾ ਨਾ ਬਣ ਸਕੀਆਂ। ਲੰਮੇ ਸਮੇਂ ਤਕ ਇਹ ਕਿਤਾਬ (ਪੰਜਾਬ ਦੇ ਗੀਤ, 1931) ਵੀ ਗੁਮਨਾਮੀ ਦੇ ਹਨੇਰੇ ਵਿੱਚ ਗੁਆਚੀ ਰਹੀ। ਅੱਜ ਇਸ ਦਾ ਲਿਪੀ ਅੰਤਰ ਤਿਆਰ ਹੈ ਅਤੇ ਪਾਠਕਾਂ ਦੇ ਰੂਬਰੂ ਆਉਣ ਵਾਲਾ ਹੈ। ਆਓ ਇਸ ਮੁਬਾਰਕ ਮੌਕੇ ਦੀ ਅਹਿਮੀਅਤ ਨੂੰ ਜਾਣੀਏ। 'ਪੰਜਾਬ ਦੇ ਗੀਤ' ਫ਼ਾਰਸੀ ਅੱਖਰਾਂ ਵਿੱਚ 1931 ਵਿੱਚ ਹੀਰਾ ਸਿੰਘ ਦਰਦ ਹੁਰਾਂ ਦੇ ਫੁਲਵਾੜੀ ਪੁਸਤਕ ਭੰਡਾਰ ਵੱਲੋਂ ਪਹਿਲੀ ਵਾਰੀ ਛਾਪੀ ਗਈ। ਫੁਲਵਾੜੀ ਪੁਸਤਕ ਭੰਡਾਰ ਦਾ ਮਕਸਦ ਪੰਜਾਬ ਦੇ ਬਾਸ਼ਿੰਦਿਆਂ ਨੂੰ ਮਿਆਰੀ ਸਾਹਿਤਕ ਕਿਤਾਬਾਂ ਭੇਟ ਕਰਨਾ ਰਿਹਾ ਹੈ। ਹੀਰਾ ਸਿੰਘ ਦਰਦ ਨੇ 1924 ਵਿੱਚ ਫੁਲਵਾੜੀ ਰਸਾਲਾ ਅੰਮ੍ਰਿਤਸਰੋਂ ਸ਼ੁਰੂ ਕੀਤਾ ਅਤੇ ਬਾਅਦ ਵਿੱਚ ਉਹ ਲਾਹੌਰ ਆ ਗਏ। ਇਸ ਪੁਸਤਕ ਭੰਡਾਰ ਦੀ ਇਹ ਪਹਿਲੀ ਕਿਤਾਬ ਹੋਣ ਕਰ ਕੇ ਹੋਰ ਵੀ ਅਹਿਮ ਹੈ। ਆਪਣੀ ਪਹਿਲੀ ਕਿਤਾਬ ਦੀ ਚੋਣ ਸਮੇਂ ਹੀਰਾ ਸਿੰਘ ਦਰਦ ਨੇ ਇਸ ਨੂੰ ਪੰਜਾਬੀ ਵੀਰਾਂ-ਭੈਣਾਂ ਲਈ ਇੱਕ ਢੋਆ ਮੰਨ ਕੇ ਛਾਪਿਆ, ਜਿਸ ਦਾ ਮਾਅਨਾ ਇਹ ਵੀ ਬਣਦਾ ਹੈ ਕਿ ਉਨ੍ਹਾਂ ਦਾ ਅਸਲ ਮਕਸਦ ਲੋਕਾਂ ਦੇ ਸਾਹਿਤ ਨੂੰ ਲੋਕਾਂ ਤਕ ਪਹੁੰਚਾਉਣਾ ਸੀ। ਲੋਕ-ਸਾਹਿਤ ਦੀਆਂ ਵੰਨਗੀਆਂ ਨੂੰ ਸੰਭਾਲਣਾ ਸੀ। ਉਨ੍ਹਾਂ ਨੇ ਆਪਣੇ ਇਸ ਉੱਦਮ ਦੇ ਜ਼ਰੀਏ ਪੰਜਾਬੀਆਂ ਅੰਦਰ ਸਾਹਿਤ ਦੀ (ਲੋਕ-ਸਾਹਿਤ ਦੀ) ਚੇਟਕ ਲਾਉਣ ਦਾ ਤਹੱਈਆ ਕੀਤਾ। ਲੇਖਕ ਦੀ ਮਿਹਨਤ ਅਤੇ ਉਦਮ ਨੂੰ ਸੰਭਾਲਿਆ।

'ਪੰਜਾਬ ਦੇ ਗੀਤ' ਪੁਸਤਕ ਇਸ ਪੱਖੋਂ ਵੀ ਅਹਿਮ ਹੈ ਕਿ ਇਸ ਨੇ ਪੰਜਾਬੀ ਗੀਤਾਂ ਦੀਆਂ ਕਈ ਵੰਨਗੀਆਂ ਨੂੰ ਵੱਖਰਿਆਂ ਕਰ ਕੇ ਪੇਸ਼ ਕੀਤਾ। ਇਨ੍ਹਾਂ ਗੀਤਾਂ ਦੀ ਚੋਣ ਸਮੇਂ ਪੰਡਿਤ ਜੀ ਨੇ ਵਿਸ਼ਿਆਂ ਨੂੰ ਵੀ ਅਹਿਮੀਅਤ ਦਿੱਤੀ ਅਤੇ ਰੂਪਾਂ ਨੂੰ ਵੀ। ਵਿਸ਼ੇ ਦੀ ਵੰਨ-ਸੁਵੰਨਤਾ ਲਈ ਕਿਤਾਬ ਵਿੱਚ ਕਈ ਅਜਿਹੇ ਖ਼ੂਬਸੂਰਤ ਗੀਤ ਦਰਜ ਕੀਤੇ ਹਨ, ਜੋ ਬਿਲਕੁਲ ਹੀ ਵੱਖਰੇ ਹਨ। ਆਮ ਤੌਰ 'ਤੇ ਲੋਕ-ਗੀਤਾਂ ਵਿੱਚ ਵਿਆਹ, ਜਨਮ, ਸੁਹਾਗ, ਘੋੜੀਆਂ, ਆਦਿ ਦੀ ਪੇਸ਼ਕਾਰੀ ਹੁੰਦੀ ਹੈ। ਇਸ ਕਿਤਾਬ ਵਿੱਚ ਨਵੇਕਲੀ ਕੋਸ਼ਿਸ਼ ਭੈਣ-ਭਰਾਵਾਂ ਦੇ ਖ਼ੂਬਸੂਰਤ ਰਿਸ਼ਤੇ ਦੇ ਗੀਤਾਂ ਦੀ ਵੀ ਹੈ। ਪੰਜਾਬੀ ਸਾਕਾਦਾਰੀ ਪ੍ਰਬੰਧ ਅੰਦਰਲੇ ਇਸ ਰਿਸ਼ਤੇ ਦੀ ਬਹੁਤ ਸੁਹਣੀ ਤੇ ਮਿਆਰੀ ਪੇਸ਼ਕਾਰੀ ਹੋਈ ਹੈ। ਇਸ ਦੇ ਇਲਾਵਾ ਵੰਡ ਤੋਂ ਪਹਿਲਾਂ ਦੇ ਵਡੇਰੇ ਪੰਜਾਬ ਦੇ ਦਰਸ਼ਨ ਵੀ ਇਸ ਕਿਤਾਬ ਵਿੱਚੋਂ ਹੋ ਜਾਂਦੇ ਹਨ। ਪੰਜਾਬੀ ਗੀਤਾਂ ਦੀ ਵਰਗ-ਵੰਡ ਕਰਦਿਆਂ ਇਸ ਦੇ ਹਰ ਖਿੱਤੇ ਦੀ ਨੁਮਾਇੰਦਗੀ ਕਰਦੇ ਗੀਤ ਚੁਣੇ ਗਏ ਹਨ। ਪਹਾੜੀ, ਪੋਠੋਹਾਰੀ, ਕਾਂਗੜੀ, ਲਹਿੰਦੀ ਗੀਤਾਂ ਦੇ ਨਮੂਨੇ ਇੱਕੋ ਥਾਂ ਦੇ ਕੇ ਕਿਤਾਬ ਦੀ ਪਹੁੰਚ ਵਧੇਰੇ ਵਸੀਹ ਕਰ ਦਿੱਤੀ ਗਈ ਹੈ। ਇਨ੍ਹਾਂ ਗੀਤਾਂ ਦੀ ਬੋਲੀ ਪੰਜਾਬ ਵਿੱਚ ਬੋਲੀਆਂ ਜਾਂਦੀਆਂ ਬੋਲੀਆਂ ਦੀ ਵੰਨ-ਸੁਵੰਨਤਾ ਨੂੰ ਉਨ੍ਹਾਂ ਦੇ ਨਿਰੋਲ ਲਹਿਜੇ ਵਿੱਚ ਪੇਸ਼ ਕਰਦੀ ਹੈ। ਲੇਖਕ ਨੇ ਇਸ ਸਭ ਨੂੰ ਜਿਉਂ ਦਾ ਤਿਉਂ ਸੰਭਾਲਣ ਲਈ ਕੋਈ ਵੀ ਅੱਖਰ, ਲਗਾਂ-ਮਾਤਰਾ ਵਾਧੂ ਨਾ ਲਗਾਈ ਹੈ ਅਤੇ ਨਾ ਹੀ ਘਟਾਈ ਹੈ। ਪੰਡਿਤ ਰਾਮ ਸ਼ਰਨ ਜੀ ਦੀ ਪੜਚੋਲਵੀ ਨਜ਼ਰ ਨੇ ਇਸ ਸਾਰੀ ਵੰਨ-ਸੁਵੰਨਤਾ ਨੂੰ ਪੰਜਾਬੀ ਸੁਭਾਅ ਦੀ ਵੰਨਸੁਵੰਨਤਾ ਵਾਂਗੂ ਸੰਭਾਲਿਆ।

ਇਸ ਪੁਸਤਕ ਦੀ ਅਹਿਮੀਅਤ ਇਸ ਗੱਲੋਂ ਹੋਰ ਵੀ ਵਧ ਜਾਂਦੀ ਹੈ ਕਿ ਇਸ ਨੂੰ ਵਿਉਂਤਣ ਵੇਲੇ ਇਹ ਵੀ ਖ਼ਿਆਲ ਰੱਖਿਆ ਗਿਆ ਕਿ ਜਿਹੜੇ ਗੀਤ ਚੁਣੇ ਗਏ ਹਨ, ਕੀ ਉਹ ਔਰਤਾਂ ਦੇ ਹੀ ਗੀਤ ਹਨ। ਉਨ੍ਹਾਂ ਨੇ ਇਸ ਤੱਥ ਨੂੰ ਸਮਝਾਇਆ ਕਿ ਬਹੁਤ ਸਾਰੇ ਗੀਤ ਉਹ ਵੀ ਪ੍ਰਚਲਿਤ ਹਨ, ਜੋ ਕਿ ਦਰਅਸਲ ਮਰਦਾਂ ਦੁਆਰਾ ਰਚੇ ਗਏ ਹਨ, ਪਰ ਗਾਏ ਔਰਤਾਂ ਤੇ ਮਰਦ ਦੋਹਾਂ ਵੱਲੋਂ ਹੀ ਜਾਂਦੇ ਹਨ। ਇਸ ਕਿਤਾਬ ਦੀ ਵਿਉਂਤਬੰਦੀ ਕਰਦਿਆਂ ਉਨ੍ਹਾਂ ਨੇ ਸੁਚੇਤ ਰੂਪ ਵਿੱਚ ਅਜਿਹੇ ਗੀਤਾਂ ਨੂੰ ਨਕਾਰਿਆ ਹੈ। ਇਸ ਤਰ੍ਹਾਂ ਇਹ ਕਿਤਾਬ ਸਿਰਫ਼ ਗੀਤਾਂ ਦਾ ਸੰਗ੍ਰਹਿ ਨਹੀਂ ਸਗੋਂ ਗੀਤਾਂ ਦੇ ਰਚੇਤਿਆਂ ਬਾਰੇ ਵੀ ਸੂਝ ਰੱਖਦੀ ਹੋਈ ਲੋਕ-ਗੀਤਾਂ ਅਤੇ ਪ੍ਰਚਲਿਤ ਗੀਤਾਂ ਦਾ ਨਿਖੇੜਾ ਕਰ ਜਾਂਦੀ ਹੈ। ਅੱਜ ਜਦੋਂ ਪੰਜਾਬੀ ਗੀਤਕਾਰੀ ਵਿੱਚ ਲੋਕ-ਗੀਤ ਦੇ ਨਾਮ ਉੱਤੇ ਕਿਸੇ ਵੀ ਕਿਸਮ ਦਾ ਗੀਤ ਪੇਸ਼ ਕੀਤਾ ਜਾ ਰਿਹਾ ਹੈ ਤਾਂ ਅਜਿਹੇ ਉੱਦਮ ਦੀ ਅਹਿਮੀਅਤ ਹੋਰ ਵੀ ਉੱਘੜਦੀ ਹੈ। ਵੱਡੀ ਗੱਲ ਤਾਂ ਇਹ ਹੈ ਕਿ ਇਹ ਕਿਤਾਬ ਪੰਜਾਬੀ ਗੀਤਾਂ ਦੇ ਪਹਿਲ-ਪਲੇਠੇ ਉੱਦਮਾਂ ਵਿੱਚੋਂ ਹੈ ਫਿਰ ਵੀ ਇਸ ਦੀ ਵਿਉਂਤਬੰਦੀ ਇੰਨੇ ਸੁਹਿਰਦ ਅਤੇ ਤਾਰਕਿਕ ਢੰਗ ਨਾਲ ਕੀਤੀ ਗਈ ਹੈ। ਬਿਨਾਂ ਸ਼ੱਕ ਇਹ ਸ਼ਲਾਘਾਯੋਗ ਹੈ।

ਪੰਜਾਬੀ ਅੱਖਰਾਂ ਵਿੱਚ ਇਸ ਕਿਤਾਬ ਦਾ ਲਿਪੀ ਅੰਤਰ ਬਹੁਤ ਹੀ ਖ਼ੂਬਸੂਰਤ ਸਫ਼ਰ ਵਾਂਗ ਰਿਹਾ ਹੈ। ਕਈ ਵਾਰ ਅਸੀਂ ਕਿਸੇ ਅਣਜਾਣ ਰਾਹ ਉੱਤੇ ਤੁਰ ਪੈਂਦੇ ਹਾਂ, ਪਰ ਰਾਹ

ਦੇ ਝਰਨੇ, ਜੰਗਲੀ ਫੁੱਲ ਤੇ ਸੰਘਣੀਆਂ ਛਾਵਾਂ ਇੱਕ ਨਵਾਂ ਹੁਲਾਰਾ ਹੋ ਨਿੱਬੜਦੀਆਂ ਹਨ। ਇਸ ਕਿਤਾਬ ਦਾ ਲਿਪੀ ਅੰਤਰ ਵੀ ਇਹੋ ਜਿਹਾ ਰਿਹਾ। ਹਰ ਗੀਤ ਨੇ ਕੁਝ ਨਵਾਂ ਸਿਖਾਇਆ, ਸਮਰੱਥਾ ਨੂੰ ਵਿਸਥਾਰਿਆ, ਗਿਆਨ ਦਾ ਰਾਹ ਰੁਸ਼ਨਾਇਆ ਅਤੇ ਇਲਮ ਦਾ ਘੇਰਾ ਹੋਰ ਮੋਕਲਾ ਕੀਤਾ। ਮੇਰੇ ਕੋਲ ਇਹ ਕਿਤਾਬ ਅਧੂਰੇ ਰੂਪ ਵਿੱਚ ਪਹੁੰਚੀ। ਇਸ ਦੇ ਲਿਪੀ ਅੰਤਰ ਨੂੰ ਮੁਕੰਮਲ ਕਰਦਿਆਂ, ਸੋਧਦਿਆਂ ਪੰਜਾਬੀ ਮੁਹਾਵਰੇ ਦੀ ਅਮੀਰੀ ਦਾ ਅਹਿਸਾਸ ਵੀ ਨਾਲ-ਨਾਲ ਰਿਹਾ। ਫ਼ਾਰਸੀ ਅੱਖਰਾਂ ਨਾਲ ਮੇਰੀ ਸਾਂਝ ਇਸ ਪੁਸਤਕ ਨਾਲ ਸਾਂਝ ਦਾ ਸਬੱਬ ਬਣੀ। ਮੇਰੀ ਹਮ-ਅਧਿਆਪਕ ਡਾ. ਵਿਭਾ ਸ਼ਰਮਾ ਕੋਲੋਂ ਇਸ ਕਿਤਾਬ ਦੇ ਹੋਣ ਬਾਰੇ, ਫਿਰ ਹਾਸਿਲ ਕਰਨ ਬਾਰੇ ਸੁਣ ਕੇ ਅਤੇ ਮੁੜ ਇਸ ਨੂੰ ਸੋਧ ਕੇ ਮੁਕੰਮਲ ਕਰਨ ਦਾ ਸਾਰਾ ਵਕਤ ਬਹੁਤ ਹੀ ਦਿਲਚਸਪ ਰਿਹਾ। ਪੰਜਾਬੀ ਪਾਠਕਾਂ ਤਕ ਇਸ ਕਿਤਾਬ ਨੂੰ ਪਹੁੰਚਾਉਣ ਵਿੱਚ ਮੈਨੂੰ ਵੀ ਉਨੀ ਹੀ ਖ਼ੁਸ਼ੀ ਹੋ ਰਹੀ ਹੈ, ਜਿੰਨੀ ਇਸ ਦੇ ਲੱਭ ਜਾਣ ਉੱਤੇ ਡਾ. ਵਿਭਾ ਨੂੰ ਹੋਈ ਹੈ। ਗੀਤਾਂ ਦੇ ਕੁਝ ਨਮੂਨੇ ਤਾਂ ਬਿਲਕੁਲ ਹੀ ਨਿਵੇਕਲੇ ਹਨ। ਹੁਣ ਤਕ ਪੰਜਾਬੀ ਵਿੱਚ ਬਹੁਤ ਸਾਰੇ ਸੰਗ੍ਰਹਿ ਲੋਕ-ਗੀਤਾਂ ਦੇ ਆ ਚੁੱਕੇ ਹਨ, ਫਿਰ ਵੀ ਇਹ ਕਿਤਾਬ ਬਹੁਤ ਕੁਝ ਨਵਾਂ ਅਤੇ ਵੱਖਰਾ ਪੇਸ਼ ਕਰੇਗੀ। ਆਓ ਇਸ ਦਾ ਸੁਆਗਤ ਕਰੀਏ ਅਤੇ ਇਸ ਦੇ ਪਾਠਕਾਂ ਤਕ ਪਹੁੰਚਣ ਦੇ ਜਸ਼ਨ ਵਿੱਚ ਸ਼ਾਮਲ ਹੋਈਏ।

ਡਾ. ਜਤਿੰਦਰ ਕੌਰ
ਮੇਹਰ ਚੰਦ ਮਹਾਜਨ, ਡੀ.ਏ.ਵੀ. ਕਾਲਜ
ਸੈਕਟਰ 36-ਏ
ਚੰਡੀਗੜ੍ਹ।

ਭੂਮਿਕਾ

ਲੋਕ-ਗੀਤ ਆਦਿ-ਮਾਨਵ ਦਾ ਸਰਮਾਇਆ ਹਨ। ਜਿੱਥੇ ਉਹ ਆਪਣੀਆਂ ਭਾਵਨਾਵਾਂ ਵਿਅਕਤ ਕਰਦਾ ਉੱਥੇ ਉਹ ਪ੍ਰਕ੍ਰਿਤੀ ਦੇ ਦੂਜੇ ਜਾਨਵਰਾਂ ਪਸ਼ੂਆਂ ਦੀ ਨਕਲ ਵੀ ਕਰਦਾ ਹੈ। ਇਨ੍ਹਾਂ ਲੋਕ-ਗੀਤਾਂ ਤੋਂ ਹੀ ਗੀਤਾਂ ਦਾ ਵਿਕਾਸ ਹੁੰਦਾ ਹੈ ਤੇ ਕਵਿਤਾ ਦਾ ਵਿਕਾਸ ਵੀ ਸੰਪੰਨ ਹੁੰਦਾ ਹੈ। ਇਸੇ ਲਈ ਕਿਹਾ ਜਾਂਦਾ ਹੈ ਕਿ ਲੋਕ-ਗੀਤ ਕਵਿਤਾ ਤੋਂ ਪਹਿਲਾਂ ਹੋਂਦ ਵਿੱਚ ਆਉਂਦੇ ਹਨ ਅਤੇ ਕਵਿਤਾ ਤੋਂ ਬਾਅਦ ਕਥਾ-ਵਾਰਤਾ ਪੈਦਾ ਹੁੰਦੀ ਹੈ।

ਪੰਜਾਬੀ ਵੀ ਇਸ ਦਾ ਅਪਵਾਦ ਨਹੀਂ। ਪੰਜਾਬੀ ਦੇ ਲੋਕ-ਗੀਤਾਂ ਦੇ ਪਹਿਲਾਂ ਪੈਦਾ ਹੋਣ ਕਰ ਕੇ ਉਸ ਤੋਂ ਬਾਅਦ ਕਵਿਤਾ ਦਾ ਆਗਾਜ਼ ਹੁੰਦਾ ਹੈ। ਜਦੋਂ ਅਸੀਂ ਆਪਣੇ ਪੰਜਾਬੀ ਲੋਕ-ਗੀਤਾਂ ਦੇ ਇਤਿਹਾਸ ਬਾਰੇ ਚਰਚਾ ਕਰਦੇ ਹਾਂ ਤਾਂ ਇਹ ਬਾਬਾ ਫ਼ਰੀਦ ਤੋਂ ਵੀ ਪਹਿਲਾਂ ਪੈਦਾ ਹੁੰਦੇ ਹਨ। ਬਾਬਾ ਫ਼ਰੀਦ ਤੋਂ ਬਾਅਦ ਲੋਕ-ਗੀਤਾਂ ਦਾ ਕਾਲ਼ਾ ਯੁੱਗ ਅਜਿਹਾ ਨਹੀਂ ਹੈ ਕਿ ਪੰਜਾਬੀ ਲੋਕ-ਗੀਤ ਰਚੇ ਨਾ ਜਾ ਰਹੇ ਹੋਣ। ਸਾਮੀਕਾਲ ਵਿੱਚ ਭਾਵੇਂ ਇਹ ਧਰਮ ਉੱਪਰ ਆਧਾਰਿਤ ਸਨ, ਪਰ ਤੁਸੀਂ ਇਹ ਨਹੀਂ ਕਹਿ ਸਕਦੇ ਕਿ ਸੂਫ਼ੀਆਂ ਦੇ ਪ੍ਰਭਾਵ ਅਧੀਨ ਲੋਕ-ਗੀਤ ਪੈਦਾ ਨਹੀਂ ਹੋਏ। ਸੂਫ਼ੀਆਂ ਦੀਆਂ ਕਾਫੀਆਂ ਲੋਕ-ਕਾਵਿ ਵਿੱਚ ਆ ਗਈਆਂ ਹਨ।

ਪੰਜਾਬ ਦੇ ਅੰਗਰੇਜ਼ੀ ਰਾਜ ਵਿੱਚ ਮਿਲਣ ਤੋਂ ਬਾਅਦ ਅੰਗਰੇਜ਼ ਵਿਦਵਾਨਾਂ ਨੇ ਇਸ ਤੋਂ ਪਹਿਲਾਂ ਦੁਨੀਆ ਵਿੱਚ ਜਿੱਥੇ ਵੀ ਰਾਜ ਕੀਤਾ, ਉੱਥੋਂ ਵਾਲਾ ਵਰਤਾਰਾ ਜਾਰੀ ਰੱਖਿਆ। ਉਨ੍ਹਾਂ ਨੇ ਕਿਸੇ ਵੀ ਸਮਾਜ ਨੂੰ ਜਾਣਨ ਲਈ ਉੱਥੋਂ ਦੀ ਲੋਕ-ਧਾਰਾ ਨੂੰ ਸੰਗ੍ਰਹਿ ਕੀਤਾ ਤੇ ਉਸ ਦਾ ਅਧਿਐਨ ਕੀਤਾ, ਪਰ ਉਨ੍ਹਾਂ ਦੇ ਸੰਗ੍ਰਹਿ ਵਿੱਚ ਲੋਕ-ਕਥਾਵਾਂ ਵਧੇਰੇ ਹਨ। ਆਰ. ਸੀ. ਟੈਂਪਲ ਦੀਆਂ ਦੰਦ-ਕਥਾਵਾਂ ਦੀਆਂ ਤਿੰਨ ਜਿਲਦਾਂ ਨੂੰ ਛੱਡ ਕੇ ਜਾਂ ਇਕਾ-ਦੁਕਾ ਹੋਰ ਗੀਤਾਂ ਨੂੰ ਛੱਡ ਕੇ ਬਾਕੀ ਸਭ ਲੋਕ ਕਥਾਵਾਂ ਹੀ ਹਨ। ਉਨ੍ਹਾਂ ਨੇ ਪੰਜਾਬੀ ਦੀਆਂ ਦੰਤ ਕਥਾਵਾਂ ਵਿੱਚ ਜਾਂ ਬਾਤਾਂ ਵਿੱਚ ਵਧੇਰੇ ਦਿਲਚਸਪੀ ਲਈ ਜਾਂ ਲੋਕ -ਵਿਸ਼ਵਾਸ ਦੂਸਰੇ ਰੂਪਾਂ ਨੂੰ ਵਧੇਰੇ ਸੰਗ੍ਰਹਿ ਕੀਤਾ।

ਇਨ੍ਹਾਂ ਤੋਂ ਇਲਾਵਾ ਪੰਜਾਬੀ ਵਿਦਵਾਨਾਂ ਨੇ ਲੋਕ-ਗੀਤਾਂ ਉੱਪਰ ਵਧੇਰੇ ਕੰਮ ਕੀਤਾ, ਪਰ ਸਤਿਆਰਥੀ ਤੋਂ ਪਹਿਲਾਂ ਸੰਤ ਰਾਮ ਬੀ. ਏ. ਅਤੇ ਰਾਮ ਸਰਨ ਦਾਸ ਤੇ ਕੁਝ ਇਕ ਹੋਰਾਂ ਨੇ ਦੇਵਨਾਗਰੀ ਤੇ ਫ਼ਾਰਸੀ ਵਿੱਚ ਲੋਕ-ਗੀਤ ਸੰਗ੍ਰਹਿ ਕੀਤੇ, ਪਰ ਇਹ ਗੁਰਮੁਖੀ ਤੋਂ ਇਲਾਵਾ ਹੋਰ ਲਿਪੀਆਂ ਵਿੱਚ ਸਨ। ਇਸ ਲਈ ਸੰਤਾਲੀ ਤੋਂ ਬਾਅਦ ਇਨ੍ਹਾਂ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਗਿਆ।

ਸਾਡੇ ਲਈ ਇਹ ਕਾਰਜ ਕਠਿਨ ਸੀ, ਪਰ ਇਹ ਕਠਿਨ ਕਾਰਜ ਸੰਤ ਰਾਮ ਬੀ. ਏ.

ਦੀਆਂ ਪੁਸਤਕਾਂ ਲੱਭਣ ਤੋਂ ਬਾਅਦ ਸੌਖਾ ਹੋ ਗਿਆ। ਸੰਤ ਰਾਮ ਬੀ. ਏ. ਨੇ ਹੋਰ ਸਾਰਾ ਕੁਝ ਆਰੀਆ ਸਮਾਜੀ ਹੋਣ ਕਾਰਨ ਹਿੰਦੀ ਵਿੱਚ ਕੀਤਾ। ਇਕ ਲੋਕ-ਗੀਤ ਸੰਗ੍ਰਹਿ ਦੇਵਨਾਗਰੀ ਵਿੱਚ ਛਪਵਾਇਆ। ਉਹ ਵੀ ਉੱਨੀ ਸੌ ਸਤਾਈ (1927) ਦਾ ਸੀ। ਸਾਨੂੰ ਮਿਲਣ ਤੋਂ ਬਾਅਦ ਅਸੀਂ ਉਸ ਦਾ ਲਿਪੀ ਅੰਤਰ ਕਰ ਕੇ ਤੁਰੰਤ ਗੁਰਮੁਖੀ 'ਚ ਲੈ ਆਂਦਾ ਤੇ ਛਪਵਾ ਦਿੱਤਾ। ਹੁਣ ਉਹ ਗੁਰਮੁਖੀ ਵਿੱਚ ਉਪਲਬਧ ਹੈ।

ਪਹਿਲੇ ਦੋ ਖਰੜਿਆਂ ਤੋਂ ਬਾਅਦ ਦੇਵਨਾਗਰੀ ਅਤੇ ਫ਼ਾਰਸੀ ਲਿਪੀ ਵਿੱਚ ਹੋਣ ਕਰ ਕੇ ਪੰਜਾਬੀ ਇਤਿਹਾਸਕ ਮਨੋਵਿਗਿਆਨ ਦਾ ਪਤਾ ਚਲਦਾ ਹੈ ਕਿ ਬਾਬਾ ਫ਼ਰੀਦ ਤੋਂ ਬਾਅਦ ਦੋਨੋਂ ਲਿਪੀਆਂ ਚੱਲ ਰਹੀਆਂ ਸਨ, ਪਰ ਨਾਲ ਇਹ ਵੀ ਪਤਾ ਚਲਦਾ ਹੈ ਕਿ ਵੀਹਵੀਂ ਸਦੀ ਦੇ ਪਹਿਲੇ ਹਿੱਸੇ ਵਿੱਚ ਜਦੋਂ ਕਿ ਧਰਮਾਂ ਦਾ ਪੁਨਰ-ਉਥਾਨ ਹੁੰਦਾ ਹੈ ਉਥੇ ਲਿਪੀਆਂ ਬਾਰੇ ਵੀ ਨਵਾਂ ਨਜ਼ਰੀਆ ਪੈਦਾ ਹੁੰਦਾ ਹੈ। ਵੀਹਵੀਂ ਸਦੀ ਦੇ ਸ਼ੁਰੂ ਦੇ ਅੱਧ ਵਿੱਚ ਜਾ ਕੇ ਜਿੱਥੇ ਅੰਗਰੇਜ਼ਾਂ ਦੇ ਅੰਗਰੇਜ਼-ਪੱਖੀ ਅਫ਼ਸਰਾਂ ਨੇ ਫ਼ਾਰਸੀ ਲਿਪੀ ਦੇ ਪੱਖ ਵਿੱਚ ਵੋਟ ਪਾਈ, ਉਥੇ ਗੁਰਮੁਖੀ 'ਤੇ ਕੰਮ ਕਰਨ ਵਾਲਿਆਂ ਨੇ ਗੁਰਮੁਖੀ ਨੂੰ ਪਹਿਲ ਦਿੱਤੀ। ਸੋ ਇਉਂ 1963 ਵਿੱਚ ਲਛਮਣ ਸਿੰਘ ਗਿੱਲ ਦੀ ਸਰਕਾਰ ਨੇ ਗੁਰਮੁਖੀ ਲਿਪੀ ਨੂੰ ਪਹਿਲ ਦਿੱਤੀ। ਹਾਲਾਂ ਕਿ ਅੱਜ ਵੀ ਇਹ ਕੰਮ ਅਧੂਰਾ ਹੈ, ਪਰ ਪਾਕਿਸਤਾਨ ਵਿੱਚ ਔਫ਼ਿਸ਼ੀਅਲ ਲੈਂਗੁਏਜ (ਸਰਕਾਰੀ ਭਾਸ਼ਾ) ਕਿਉਂਕਿ ਉਰਦੂ ਹੈ ਤੇ ਇਸ ਲਈ ਉਨ੍ਹਾਂ ਦੀ ਲਿਪੀ ਫ਼ਾਰਸੀ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਲੋਕ-ਗੀਤਾਂ ਦਾ ਸੰਗ੍ਰਹਿ ਜਿੱਥੇ ਅੰਗਰੇਜ਼ਾਂ ਨੇ ਪੋਠੋਹਾਰ ਤੋਂ ਕੀਤਾ, ਉਥੇ ਲੋਕ-ਗੀਤਾਂ ਦੇ ਸੰਗ੍ਰਹਿ ਦੁਆਬੇ 'ਚੋਂ ਹੋਇਆ। ਦੋਵਾਂ ਹੀ, ਸੰਤ ਰਾਮ ਬੀ. ਏ. ਅਤੇ ਰਾਮਸਰਨ ਦਾਸ ਦਾ ਖੇਤਰ ਦੁਆਬਾ ਹੀ ਹੈ। ਦੇਵਿੰਦਰ ਸਤਿਆਰਥੀ ਨੇ ਇਨ੍ਹਾਂ ਤੋਂ ਬਾਅਦ 1936 ਵਿੱਚ ਗਿੱਧਾ ਤੇ ਉਸ ਨਾਲ ਜੁੜੇ ਹੋਏ ਗੀਤਾਂ, ਨਰਿਤ ਗੀਤਾਂ 'ਤੇ ਕੰਮ ਕੀਤਾ। ਦਵਿੰਦਰ ਸਤਿਆਰਥੀ ਨੇ 1931 ਦੇ ਪੰਜਾਬ ਦੇ ਗੀਤਾਂ ਨੂੰ ਵਿਸ਼ੇਗਤ ਤੇ ਰਾਮ ਸਰਨ ਨੇ ਜਿਨ੍ਹਾਂ ਦਿੱਕਤਾਂ ਦਾ ਫੀਲਡ ਵਰਕ ਵਿੱਚ ਉਨ੍ਹਾਂ ਦਾ ਜ਼ਿਕਰ ਵੀ ਕੀਤਾ। ਰਾਮ ਸਰਨ ਦਾਸ ਨੇ ਕਈ ਥਾਵਾਂ ਤੇ ਜਾ ਕੇ ਇਨ੍ਹਾਂ ਦਾ ਸੰਗ੍ਰਹਿ ਕੀਤਾ ਤੇ ਅਜ ਤੋਂ ਤਕਰੀਬਨ ਸੌ ਸਾਲ ਪਹਿਲਾਂ ਸਾਂਝੀ ਸੰਸਕ੍ਰਿਤੀ ਜਾਂ ਸਭਿਅਤਾ ਨੂੰ ਸੰਗ੍ਰਹਿਤ ਕੀਤਾ ਤੇ ਨਾਲ ਹੀ ਨਾਲ ਕਿਉਂਕਿ ਉਸ ਸਮੇਂ ਰਿਕਾਰਡਿੰਗ ਨਾਲ ਹੀ ਆ ਗਈ ਸੀ, ਇਸ ਲਈ ਉਨ੍ਹਾਂ ਦੀ ਰਿਕਾਰਡਿੰਗ ਹੋ ਕੇ ਅੱਜ ਤਕ ਪਹੁੰਚੀ ਹੋਈ ਹੈ। ਸੁਰਿੰਦਰ ਕੌਰ, ਪ੍ਰਕਾਸ਼ ਕੌਰ ਦੇ ਬਹੁਤੇ ਲੋਕ-ਗੀਤ ਇਨ੍ਹਾਂ ਵਿਚੋਂ ਹੀ ਹਨ। ਅਸੀਂ ਸਮਝਦੇ ਹਾਂ ਕਿ ਹੁਣ ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਜਿਹੜਾ ਖੱਪਾ ਪਿਆ ਸੀ, ਉਹ ਪੂਰਿਆ ਗਿਆ ਹੈ। ਇਸ ਲਈ ਹੁਣ ਸਮੁੱਚਤਾ ਵਿੱਚ ਅਧਿਐਨ ਵਿੱਚ ਲਗਾਤਾਰਤਾ ਬਣੀ ਰਹੇਗੀ।

ਇਸ ਦੀ ਸਾਂਭ-ਸੰਭਾਲ ਦਾ ਕੰਮ 1849 ਈ. ਤੋਂ ਬਾਅਦ ਪੰਜਾਬ ਦੇ ਅੰਗਰੇਜ਼ਾਂ ਅਧੀਨ ਆਉਣ ਤੋਂ ਪਿੱਛੋਂ ਹੀ ਸ਼ੁਰੂ ਹੋਇਆ। ਅੰਗਰੇਜ਼ਾਂ ਦਾ ਮੰਤਵ ਸੀ ਪੰਜਾਬੀ ਮਾਨਸਿਕਤਾ ਨੂੰ ਸਮਝਣਾ। ਇਹ ਸਭ ਪੈਦਾ ਕਰਨਾ ਉਨ੍ਹਾਂ ਲਈ ਆਪਣੇ ਸਾਮਰਾਜ ਨੂੰ ਵਧਾਉਣ ਦਾ ਇੱਕ ਸਾਧਨ ਸੀ। ਇਸੇ ਲਈ ਉਨ੍ਹਾਂ ਨੇ ਹਰ ਦੇਸ਼ ਵਿੱਚ ਫੋਕਲੋਰ ਸੁਸਾਇਟੀਆਂ ਦੀ ਸਥਾਪਨਾ

ਕੀਤੀ। ਇਸ ਦੇ ਵਿਰੋਧ ਵਿੱਚ ਅਚੇਤ ਹੀ ਅਜਿਹੇ ਲੋਕ-ਧਾਰਾ ਸ਼ਾਸਤ੍ਰੀਆਂ ਦੇ ਕੰਮ ਹੋਂਦ ਵਿੱਚ ਆਏ, ਜੋ ਸਾਮਰਾਜ ਵਿਰੁੱਧ ਸੁਤੰਤਰਤਾ ਦੀ ਲੜਾਈ ਅਧੀਨ ਭਾਰਤੀ ਸਭਿਆਚਾਰ ਦੇ ਸਾਂਝੇ ਸੂਤਰ ਲੱਭ ਰਹੇ ਸਨ। ਪਹਿਲੀ ਪ੍ਰਵਿਰਤੀ ਦੀ ਪ੍ਰਤਿਨਿਧਤਾ ਆਰ. ਸੀ. ਟੈਂਪਲ ਤੇ ਉਸ ਦੇ ਸਾਥੀ ਕਰ ਰਹੇ ਸਨ ਤੇ ਦੂਜੀ ਪ੍ਰਵਿਰਤੀ ਵਿੱਚ ਸੰਤ ਰਾਮ ਬੀ. ਏ., ਪੰਡਿਤ ਰਾਮ ਸਰਨ ਦਾਸ ਤੇ ਸਤਿਆਰਥੀ ਵਰਗੇ ਮਹਾਂਰਥੀ ਸਨ, ਜੋ ਪੰਜਾਬੀ ਨੂੰ ਹਿੰਦੀ ਦੀ ਉਪਭਾਸ਼ਾ ਕਹਿਣ ਤਕ ਚਲੇ ਗਏ। ਜਿਉਂ-ਜਿਉਂ ਅੰਗਰੇਜ਼ਾਂ ਵਿਰੁੱਧ ਜੰਗ ਤਿੱਖੀ ਹੁੰਦੀ ਗਈ, ਅੰਗਰੇਜ਼ ਵਿਦਵਾਨਾਂ ਵੱਲੋਂ ਕੀਤਾ ਕੰਮ ਵੀ ਪਿਛੋਕੜ ਵਿੱਚ ਧਕੀਂਦਾ ਗਿਆ। ਉਨ੍ਹਾਂ ਨੇ ਆਪਣੇ ਮੰਤਵਾਂ ਨੂੰ ਧਿਆਨ ਵਿੱਚ ਰੱਖ ਕੇ ਜਿਹੜਾ ਕੰਮ ਕੀਤਾ ਹੁਣ ਤਾਂ ਸਾਨੂੰ ਉਸ ਦੀ ਪੂਰੀ ਸੂਚੀ ਵੀ ਪ੍ਰਾਪਤ ਨਹੀਂ। ਪਿੱਛੇ ਜਿਹੇ ਮੇਰੇ ਵਿਦਿਆਰਥੀ ਸੈਮੂਅਲ ਗਿੱਲ ਨੇ ਜਦੋਂ ਇਸ ਸੂਚੀ ਦੀ ਤਿਆਰੀ ਲਈ ਲੰਡਨ ਦੀਆਂ ਲਾਇਬਰੇਰੀਆਂ ਦਾ ਦੌਰਾ ਕੀਤਾ ਤਾਂ ਉਹ ਕੁਝ ਸਾਹਮਣੇ ਆਇਆ, ਜਿਸ ਦੀ ਇੱਥੇ ਬੈਠਿਆਂ ਕਲਪਨਾ ਵੀ ਨਹੀਂ ਸੀ ਕੀਤੀ ਜਾ ਸਕਦੀ।

ਇਸ ਲਈ ਹੁਣ ਇਨ੍ਹਾਂ ਦਾ ਇਤਿਹਾਸ ਵੀ ਸਿਰਜਣਾ ਸੌਖਾ ਹੈ। ਇਸ ਵਿੱਚ ਸਾਰੇ ਸਹਿਯੋਗੀ ਜਿਨ੍ਹਾਂ ਨੇ ਆਪਣਾ ਕੀਮਤੀ ਸਮਾਂ ਦਿੱਤਾ, ਉਸ ਲਈ ਮੈਂ ਆਪਣੇ ਵਿਦਿਆਰਥੀ ਡਾਕਟਰ ਜਸਵੰਤ ਤੇ ਵਿਦਿਆਰਥਣ ਡਾ. ਰੇਖਾ ਤੇ ਉਨਾਂ ਦੇ ਹਸਬੈਂਡ ਡਾਕਟਰ ਪ੍ਰੇਮ ਸਿੰਘ ਤੇ ਕਰਨਲ ਪਰਮ ਸ਼ਿਵਰਾਓ ਅਨੰਤਾਰਾਉ ਦਾ ਧੰਨਵਾਦ ਕਰਦਾ ਹਾਂ।

—ਡਾ. ਕਰਮਜੀਤ ਸਿੰਘ
ਪ੍ਰੋ. (ਰਿਟਾ.)
ਡਿਪਾਰਟਮੈਂਟ ਔਫ ਪੰਜਾਬੀ
ਕੁਰੂਕਸ਼ੇਤਰ ਯੂਨੀਵਰਸਿਟੀ,
ਕੁਰੂਕਸ਼ੇਤਰ, ਹਰਿਆਣਾ।

ਪੰਡਿਤ ਰਾਮ ਸਰਨ ਐਡਵੋਕੇਟ : ਜਾਣ-ਪਛਾਣ

ਪੰਡਿਤ ਰਾਮ ਸਰਨ ਦਾਸ ਜੀ ਲਾਹੌਰ ਵਿੱਚ ਰਹਿਣ ਵਾਲੇ ਪ੍ਰਸਿੱਧ ਵਕੀਲ ਸਨ। ਆਜ਼ਾਦੀ ਸੰਘਰਸ਼ ਦੌਰਾਨ ਉਹ ਕ੍ਰਾਂਤੀਕਾਰੀਆਂ ਦੇ ਵਕੀਲ ਰਹੇ ਅਤੇ ਦੇਸ-ਭਗਤੀ ਨਾਲ ਸੰਬੰਧਿਤ ਕਵਿਤਾਵਾਂ ਵੀ ਲਿਖਦੇ ਸਨ। ਪੰਡਿਤ ਜੀ ਭਾਰਤ ਦੀ ਸੁਤੰਤਰਤਾ ਤੋਂ ਪਹਿਲਾਂ ਹੀ ਦੁਨੀਆ ਨੂੰ ਅਲਵਿਦਾ ਕਹਿ ਗਏ। ਪੰਡਿਤ ਰਾਮ ਸਰਨ ਜੀ ਮੇਰੇ ਨਾਨਾ ਜੀ ਸਨ। ਪੰਡਿਤ ਰਾਮ ਸਰਨ ਦਾਸ ਜੀ ਬਾਰੇ ਸੰਖੇਪ ਜਾਣ-ਪਛਾਣ :

ਪੰਡਿਤ ਰਾਮ ਸਰਨ—ਇੱਕ ਪ੍ਰਸਿੱਧ ਵਕੀਲ

ਪੰਡਿਤ ਜੀ ਨੇ ਆਪਣੀ ਕਾਨੂੰਨ ਦੀ ਡਿਗਰੀ ਲਾਹੌਰ ਤੋਂ ਪ੍ਰਾਪਤ ਕੀਤੀ ਅਤੇ ਉੱਥੋਂ ਦੇ ਹਾਈ ਕੋਰਟ ਵਿੱਚ ਹੀ ਕਾਨੂੰਨ ਦਾ ਅਭਿਆਸ ਕੀਤਾ। ਉਨ੍ਹਾਂ ਦੀ ਹਵੇਲੀ ਲਾਹੌਰ ਦੇ ਅਨਾਰਕਲੀ ਬਾਜ਼ਾਰ ਵਿੱਚ ਸੀ। ਅਸੀਂ ਸੁਣਿਆ ਹੈ ਕਿ ਉਨ੍ਹਾਂ ਨੇ ਕੁਝ ਵਕੀਲਾਂ ਅਤੇ ਹੋਰਾਂ ਨਾਲ ਮਿਲ ਕੇ 'ਗੈਂਤੀ ਫ਼ੌਜ' ਬਣਾਈ, ਜਿਸ ਨੇ ਗੁਪਤ ਰੂਪ ਨਾਲ ਆਜ਼ਾਦੀ ਸੰਗਰਾਮ ਵਿੱਚ ਹਿੱਸਾ ਲਿਆ।

ਪੰਡਿਤ ਰਾਮ ਸਰਨ ਦਾਸ ਜੀ 'ਲਾਹੌਰ ਕਾਂਸਪੀਰੇਸੀ ਕੇਸ' ਵਿੱਚ ਵੀ ਵਕੀਲ ਸਨ। ਇਸ ਦਾ ਜ਼ਿਕਰ ਪ੍ਰਸਿੱਧ ਪੰਜਾਬੀ ਨਾਵਲਕਾਰ ਨਾਨਕ ਸਿੰਘ ਨੇ ਆਪਣੇ ਨਾਵਲ 'ਇਕ ਮਿਆਨ ਦੋ ਤਲਵਾਰਾਂ' ਵਿੱਚ ਪੰਨਾ 189 'ਤੇ ਕੀਤਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ "ਦੋਸ਼ੀਆਂ ਦੇ ਮੁਖ ਵਕੀਲ ਪੰਡਿਤ ਰਾਮ ਸਰਨ ਦਾਸ ਨੇ ਸਰ ਅਲੀ ਇਮਾਮ, ਇਕ ਕਾਨੂੰਨੀ ਮੈਂਬਰ, ਨਾਲ ਮੁਲਾਕਾਤ ਕੀਤੀ ਅਤੇ ਉਸਨੂੰ ਕਾਨੂੰਨੀ ਪੱਖ ਤੋਂ ਯਕੀਨ ਦਿਵਾਇਆ ਕਿ ਫਾਂਸੀ ਦੇਣ ਵਾਲੇ ਜਜਾਂ ਨੇ ਸੱਚ-ਮੁੱਚ ਪੱਖਪਾਤ ਅਤੇ ਕੱਟੜਤਾ ਨਾਲ ਕੰਮ ਕੀਤਾ। ਅੰਤ ਵਿੱਚ, ਵਾਇਸਰਾਏ ਇਸ ਮਾਮਲੇ 'ਤੇ ਮੁੜ ਵਿਚਾਰ ਕਰਨ ਲਈ ਸਹਿਮਤ ਹੋਏ ਅਤੇ ਕਿਹਾ ਕਿ ਜਦੋਂ ਤਕ ਮਾਮਲਾ ਪੂਰਾ ਨਹੀਂ ਹੋ ਜਾਂਦਾ, ਦੋਸ਼ੀਆਂ ਨੂੰ ਫਾਂਸੀ ਨਹੀਂ ਦਿੱਤੀ ਜਾਣੀ ਚਾਹੀਦੀ।"

ਪੰਡਿਤ ਜੀ ਦੀ ਵੱਡੀ ਧੀ ਮਰਹੂਮ ਸਾਵਿੱਤਰੀ ਦੇਵੀ ਦੀ ਧੀ ਵੀਨਾ ਸ਼ਰਮਾ ਨੇ ਗੱਲ-ਬਾਤ ਕਰਦਿਆਂ ਦੱਸਿਆ ਕਿ ਪੰਡਿਤ ਰਾਮ ਸਰਨ ਜੀ ਸ਼ਹੀਦ ਭਗਤ ਸਿੰਘ ਕੇਸ ਵਿੱਚ ਵੀ ਵਕੀਲ ਸਨ। ਉਨ੍ਹਾਂ ਦੀ ਮਾਂ ਲਾਹੌਰ ਵਿੱਚ ਪੰਡਿਤ ਜੀ ਦੇ ਘਰ ਆਉਂਦੀ ਸੀ। ਸ਼ਹੀਦ ਭਗਤ ਸਿੰਘ ਦੀ ਸ਼ਹਾਦਤ ਤੋਂ ਕੁਝ ਦਿਨ ਪਹਿਲਾਂ ਪੰਡਿਤ ਜੀ ਸ਼ਹੀਦ ਭਗਤ ਸਿੰਘ ਨੂੰ ਮਿਲਣ ਲਈ ਉਨ੍ਹਾਂ ਦੀ ਮਾਂ (ਸਾਵਿੱਤਰੀ ਦੇਵੀ) ਨੂੰ ਜੇਲ੍ਹ ਲੈ ਗਏ ਸਨ। ਉਸ ਸਮੇਂ ਉਹ (ਸਾਵਿੱਤਰੀ ਦੇਵੀ) ਬਹੁਤ ਛੋਟੀ ਸੀ ਅਤੇ ਉਸ ਨੂੰ ਪੰਡਿਤ ਜੀ ਨੇ ਚਿੱਟੇ ਕੱਪੜੇ

ਪਵਾਏ ਹੋਏ ਸਨ। ਪੰਡਿਤ ਜੀ ਨੇ ਸਾਵਿਤਰੀ ਜੀ ਨੂੰ ਸ਼ਹੀਦ ਭਗਤ ਸਿੰਘ ਜੀ ਨੂੰ ਸਲਾਮ ਕਰਨ ਅਤੇ ਉਨ੍ਹਾਂ ਤੋਂ ਆਸ਼ੀਰਵਾਦ ਲੈਣ ਲਈ ਕਿਹਾ ਸੀ। ਉਨ੍ਹਾਂ ਅੱਗੇ ਦੱਸਿਆ ਕਿ ਜਦੋਂ ਸ਼ਹੀਦ ਭਗਤ ਸਿੰਘ ਜੀ ਨੂੰ ਫਾਂਸੀ ਦਿੱਤੀ ਗਈ ਸੀ, ਉਨ੍ਹਾਂ ਦੇ ਮਾਤਾ ਪਿਤਾ ਪੰਡਿਤ ਜੀ ਦੇ ਘਰ ਹੀ ਸਨ।

ਪੰਡਿਤ ਰਾਮ ਸਰਨ—ਇੱਕ ਪ੍ਰਸਿੱਧ ਲੇਖਕ

ਸ਼੍ਰੀਮਦ ਭਗਵਦ ਗੀਤਾ (1935)—ਪੰਡਿਤ ਰਾਮ ਸਰਨ ਜੀ ਨੇ ਸ਼੍ਰੀਮਦ ਭਗਵਦ ਗੀਤਾ ਦਾ ਪੰਜਾਬੀ (ਕਵਿਤਾ) ਵਿੱਚ ਅਨੁਵਾਦ ਕੀਤਾ। ਇਹ ਅਨੁਵਾਦ ਦੇਵਨਾਗਰੀ ਅਤੇ ਗੁਰਮੁਖੀ ਦੋਵਾਂ ਲਿਪੀਆਂ ਵਿੱਚ ਹੈ।

'ਪੰਜਾਬ ਦੇ ਗੀਤ' (1931)—ਉਨ੍ਹਾਂ ਨੇ ਪੰਜਾਬੀ ਲੋਕ ਸਾਹਿਤ ਵਿੱਚ ਵੀ ਵਡਮੁੱਲਾ ਯੋਗਦਾਨ ਪਾਇਆ ਹੈ। ਪੰਡਿਤ ਜੀ ਨੇ ਪੰਜਾਬੀ ਲੋਕ-ਗੀਤਾਂ ਦਾ ਸੰਗ੍ਰਹਿ 'ਪੰਜਾਬ ਦੇ ਗੀਤ' (1931) ਲਾਹੌਰ ਵਿੱਚ ਸ਼ਾਹਮੁਖੀ ਅਤੇ ਗੁਰਮੁਖੀ ਅੱਖਰਾਂ ਵਿੱਚ ਪ੍ਰਕਾਸ਼ਿਤ ਕੀਤਾ। ਪੰਜਾਬੀ ਸਾਹਿਤ ਦੀਆਂ ਮੁੱਖ ਕਿਤਾਬਾਂ ਵਿੱਚ ਇਸ ਦਾ ਜ਼ਿਕਰ ਹੈ।

ਵੈਦਿਕ ਸੰਧਿਆ—ਪੰਡਿਤ ਰਾਮ ਸਰਨ ਜੀ ਨੇ ਸਧਾਰਨ ਹਿੰਦੀ (ਕਵਿਤਾ) ਵਿੱਚ 'ਵੈਦਿਕ ਸੰਧਿਆ' ਦਾ ਅਨੁਵਾਦ ਵੀ ਕੀਤਾ।

ਸਿੰਘਾਂ ਤੇ ਅੰਗਰੇਜ਼ਾਂ ਦੀ ਲੜਾਈ (ਬੈਂਤ ਸ਼ਾਹ ਮੁਹੰਮਦ) 1929 ਵਿੱਚ ਸੰਪਾਦਿਤ ਕੀਤੀ।

ਕਵਿਤਾ ਤੇ ਲੇਖ :ਪੰਡਿਤ ਰਾਮ ਸਰਨ ਜੀ ਨੇ ਪੰਜਾਬੀ ਪੈਤ੍ਰਿਕਾਓਂ ਜਿਵੇਂ ਕਿ ਫੁਲਵਾੜੀ ਤੇ ਪ੍ਰੀਤ-ਲੜੀ ਵਿੱਚ ਕਈ ਲੇਖ ਤੇ ਕਵਿਤਾਵਾਂ ਛਪਵਾਈਆਂ।

ਪਰਿਵਾਰ

ਪੰਡਿਤ ਜੀ ਦੇ ਪੁਰਖੇ ਕਸ਼ਮੀਰੀ ਪੰਡਿਤ ਸਨ ਅਤੇ ਕਸ਼ਮੀਰ ਵਿੱਚ ਲੱਕੜ ਦਾ ਵਪਾਰ ਕਰਦੇ ਸਨ। ਮੁਗ਼ਲਾਂ ਦੇ ਰਾਜ ਦੌਰਾਨ, ਉਨ੍ਹਾਂ ਦਾ ਪਰਿਵਾਰ ਗੁਰੂਆਂ ਦੀ ਸੰਗਤ ਵਿੱਚ ਕਸ਼ਮੀਰ ਤੋਂ ਬਾਬਾ ਬਕਾਲਾ ਆਇਆ ਸੀ। ਉਥੋਂ ਪਰਿਵਾਰ ਦੇ ਮੈਂਬਰ ਲਾਹੌਰ ਅਤੇ ਅੰਮ੍ਰਿਤਸਰ ਵਿੱਚ ਵੱਸ ਗਏ। ਪੰਡਿਤ ਜੀ ਦੇ ਛੋਟੇ ਭਰਾ, ਸਵਰਗੀ ਬੀ. ਬਿਸ਼ਨ ਦਾਸ ਸ਼ਰਮਾ ਜੀ ਜਲੰਧਰ ਵਿੱਚ ਰਹਿੰਦੇ ਸਨ ਅਤੇ ਉਥੋਂ ਦੇ ਪ੍ਰਸਿੱਧ ਸਿੱਖਿਆ ਸ਼ਾਸਤਰੀ ਸਨ।

ਪੰਡਿਤ ਰਾਮ ਸਰਨ, ਪੁੱਤਰ ਸ਼੍ਰੀ ਮੋਹਨ ਲਾਲ ਜੀ, ਦਾ ਜਨਮ 1895 ਵਿੱਚ ਹੋਇਆ। ਉਨ੍ਹਾਂ ਦੀ ਮੌਤ ਸਤੰਬਰ 12, 1946 ਨੂੰ ਲਾਹੌਰ ਵਿੱਚ ਦਿਲ ਦੇ ਦੌਰੇ ਨਾਲ ਹੋਈ। ਪੰਡਿਤ ਜੀ ਦੇ ਦੋ ਪੁੱਤਰ (ਵੇਦ ਪ੍ਰਕਾਸ਼ ਅਤੇ ਓਮ ਪ੍ਰਕਾਸ਼) ਅਤੇ ਚਾਰ ਧੀਆਂ (ਸਾਵਿਤਰੀ ਦੇਵੀ, ਕ੍ਰਿਸ਼ਨਾ, ਸਵਰਾਜ ਅਤੇ ਸ਼ਾਰਦਾ) ਸਨ, ਜੋ ਹੁਣ ਇਸ ਸੰਸਾਰ ਵਿੱਚ ਨਹੀਂ ਹਨ। ਉਨ੍ਹਾਂ ਦਾ ਪੁਤਰ ਵੇਦ ਪ੍ਰਕਾਸ਼ ਭਾਰਤੀ ਫੌਜ ਦੇ ਤੋਪਖ਼ਾਨੇ ਵਿੱਚ ਸੀ ਅਤੇ ਓਮ ਪ੍ਰਕਾਸ਼ ਦਿੱਲੀ ਦੇ ਨਿੱਜੀ ਖੇਤਰ ਵਿੱਚ ਕੰਮ ਕਰਦਾ ਸੀ। ਧੀਆਂ ਵਿੱਚੋਂ ਸਾਵਿੱਤਰੀ ਦੇਵੀ ਅੰਮ੍ਰਿਤਸਰ ਅਤੇ ਕ੍ਰਿਸ਼ਨਾ, ਸਵਰਾਜ ਅਤੇ ਸ਼ਾਰਦਾ ਚੰਡੀਗੜ੍ਹ ਵਿੱਚ ਰਹਿੰਦੀਆਂ ਸਨ। ਪੰਡਿਤ ਰਾਮ ਸਰਨ ਦਾਸ ਜੀ ਦੇ ਪਰਿਵਾਰ ਵਿੱਚ ਹੁਣ ਪੋਤੇ-ਪੋਤੀਆਂ, ਦੋਹਤੇ ਅਤੇ ਦੋਹਤੀਆਂ ਹਨ।

ਪੰਡਿਤ ਰਾਮ ਸਰਨ ਦਾਸ ਜੀ ਦੇ ਜੀਵਨ ਨਾਲ ਜੁੜੀਆਂ ਕੁਝ ਘਟਨਾਵਾਂ

ਪੰਡਿਤ ਰਾਮ ਸਰਨ ਦਾਸ ਜੀ ਦੇ ਜੀਵਨ ਨਾਲ ਜੁੜੀਆਂ ਕੁਝ ਘਟਨਾਵਾਂ ਸੁਣੀਆਂ ਹਨ, ਜਿਨ੍ਹਾਂ ਦਾ ਹੇਠਾਂ ਵਰਨਣ ਕਰ ਰਹਿ ਹਾਂ :

ਸ਼੍ਰੀਮਤੀ ਵੀਨਾ ਜੀ ਨੇ ਦੱਸਿਆ ਕਿ ਪੰਡਿਤ ਜੀ ਨੇ ਲਾਲਾ ਲਾਜਪਤ ਰਾਏ ਜੀ ਦੇ ਨਾਲ ਸਾਈਮਨ ਕਮਿਸ਼ਨ ਦੇ ਖ਼ਿਲਾਫ਼ ਪ੍ਰਦਰਸ਼ਨ ਵਿੱਚ ਹਿੱਸਾ ਲਿਆ ਸੀ, ਜਿਸ ਕਰ ਕੇ ਉਨ੍ਹਾਂ ਨੂੰ, ਦੋ ਹੋਰ ਵਿਦਿਆਰਥੀਆਂ ਦੇ ਨਾਲ, ਇੱਕ ਸੈਸ਼ਨ ਦੇ ਲਈ ਕਾਲਜ ਤੋਂ ਮੁਅਤਲ ਕਰ ਦਿੱਤਾ ਗਿਆ ਸੀ। ਉਹ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ ਦੇ ਪ੍ਰਦਰਸ਼ਨ ਵਿੱਚ ਵੀ ਸ਼ਾਮਲ ਸਨ। ਕਤਲੇਆਮ ਤੋਂ ਥੋੜ੍ਹੀ ਦੇਰ ਪਹਿਲਾਂ ਉਹ ਲੰਗਰ ਲਈ ਨਿਕਲੇ ਸਨ, ਅਤੇ ਉੱਥੇ ਹੀ ਉਨ੍ਹਾਂ ਨੂੰ ਕਤਲੇਆਮ ਬਾਰੇ ਪਤਾ ਲੱਗਾ।

ਸ਼੍ਰੀਮਤੀ ਵੀਨਾ ਜੀ ਨੂੰ ਉਨ੍ਹਾਂ ਦੀ ਮਾਤਾ ਸਾਵਿੱਤਰੀ ਦੇਵੀ ਜੀ ਨੇ ਇਹ ਵੀ ਦੱਸਿਆ ਸੀ ਕਿ ਇਕ ਸਵੇਰ 'ਖ਼ਾਨ ਚਾਚਾ' ਨਾਮਕ ਵਿਅਕਤੀ ਪੰਡਿਤ ਰਾਮ ਸਰਨ ਜੀ ਦੇ ਘਰ ਆਇਆ ਅਤੇ ਕਿਹਾ ਕਿ 'ਕੰਮ ਹੋ ਗਿਆ ਹੈ'। ਪਹਿਲਾਂ ਤਾਂ ਪੰਡਿਤ ਜੀ ਨੇ ਕੁਝ ਨਹੀਂ ਕਿਹਾ, ਜਦੋਂ ਸਾਰਿਆਂ ਨੇ ਪੁੱਛਿਆ, ਬਾਅਦ ਵਿੱਚ ਪਤਾ ਲੱਗਾ ਕਿ 'ਖ਼ਾਨ ਚਾਚਾ' ਕਾਬੁਲ ਵਿੱਚ 'ਨੇਤਾ ਜੀ ਸੁਭਾਸ਼ ਚੰਦਰ ਬੋਸ' ਦੇ ਆਉਣ ਦੀ ਖ਼ਬਰ ਦੇ ਰਹੇ ਸਨ।

ਸ਼੍ਰੀਮਤੀ ਵੀਨਾ ਜੀ ਨੇ ਦੱਸਿਆ ਕਿ ਉਨ੍ਹਾਂ ਦੀ ਮਾਤਾ ਜੀ ਨੇ ਸ਼੍ਰੀਮਦ ਭਗਵਦ ਗੀਤਾ ਦੇ ਇਸ ਅਨੁਵਾਦ ਦਾ ਕੁਝ ਹਿੱਸਾ 'ਗੁਰੂਦੇਵ ਰਬਿੰਦਰਨਾਥ ਜੀ' ਨੂੰ ਸੁਣਾਇਆ ਜਦੋਂ ਗੁਰੂਦੇਵ ਲਾਹੌਰ ਆਏ ਅਤੇ ਲਾਲਾ ਧਨੀ ਰਾਮ ਭੱਲਾ ਜੀ ਦੀ ਕੋਠੀ ਵਿੱਚ ਰਹੇ। ਗੁਰੂਦੇਵ ਰਬਿੰਦਰ ਨਾਥ ਜੀ ਨੂੰ ਇਹ ਅਨੁਵਾਦ ਬਹੁਤ ਪਸੰਦ ਆਇਆ।

ਉਨ੍ਹਾਂ ਦੀ ਦੂਜੀ ਧੀ ਸ਼੍ਰੀਮਤੀ ਕ੍ਰਿਸ਼ਨਾ ਜੀ ਦੀ ਧੀ ਸ਼੍ਰੀਮਤੀ ਨੀਰਾ ਸ਼ਰਮਾ ਦਾ ਕਹਿਣਾ ਹੈ ਕਿ ਜਦੋਂ ਉਨ੍ਹਾਂ ਦੀ ਮਾਂ (ਸ਼੍ਰੀਮਤੀ ਕ੍ਰਿਸ਼ਨਾ) ਛੋਟੀ ਸੀ, ਉਹ ਸ਼ਹੀਦ ਭਗਤ ਸਿੰਘ ਜੀ ਦੀ ਮਾਂ ਨੂੰ ਲਾਹੌਰ ਵਿੱਚ ਉਨ੍ਹਾਂ ਦੇ ਘਰ ਮਿਲੇ ਸਨ। ਪੰਡਿਤ ਜੀ ਨੇ ਉਨ੍ਹਾਂ ਨਾਲ ਜਾਣ-ਪਛਾਣ ਕਰਵਾਈ ਸੀ ਅਤੇ ਉਨ੍ਹਾਂ ਨੇ ਭਗਤ ਸਿੰਘ ਦੀ ਮਾਤਾ ਜੀ ਨੂੰ ਝੁਕ ਕੇ ਪ੍ਰਣਾਮ ਕੀਤਾ ਸੀ।

ਮੇਰੀ ਮਾਂ, ਮਰਹੂਮ ਸਵਰਾਜ ਸ਼ਰਮਾ, ਨੇ ਮੈਨੂੰ ਦੱਸਿਆ ਸੀ ਕਿ ਮੇਰੇ ਨਾਨਾ ਜੀ (ਮਰਹੂਮ ਰਾਮ ਸਰਨ ਦਾਸ) ਨੇ ਆਜ਼ਾਦੀ ਲਹਿਰ ਨਾਲ ਜੁੜੀ 'ਸਵਰਾਜ ਪਾਰਟੀ' ਦੇ ਨਾਂ 'ਤੇ ਉਨ੍ਹਾਂ ਦਾ (ਮੇਰੀ ਮਾਂ) ਨਾਂ ਰਖਿਆ ਸੀ। ਉਸ ਨੇ ਇਹ ਵੀ ਕਿਹਾ ਕਿ ਉਹ ਇਨਕਲਾਬੀ ਕਵਿਤਾਵਾਂ ਲਿਖਦੇ ਸਨ ਅਤੇ ਇਹ ਕਵਿਤਾਵਾਂ ਪੰਡਿਤ ਜੀ ਆਪਣੇ ਅਸਲ ਨਾਮ ਨਾਲ ਨਹੀਂ, ਬਲਕਿ ਅਪਣਾਏ ਹੋਏ ਕਿਸੇ ਹੋਰ ਨਾਮ ਨਾਲ ਲਿਖਦੇ ਸਨ।

ਕੁਝ ਹੋਰ ਸੰਸਮਰਣ

ਹਾਲ ਹੀ ਵਿੱਚ ਮੇਰਾ ਸੰਪਰਕ ਸ੍ਰੀ ਸੁਭਾਸ਼ ਸ਼ਰਮਾ ਜੀ ਨਾਲ ਹੋਇਆ, ਜੋ ਪੰਡਿਤ ਬਰਕਤ ਰਾਮ 'ਯੁਮਨ' ਜੀ ਦੇ ਪੋਤਰੇ ਹਨ ਅਤੇ ਨਵੀਂ ਦਿੱਲੀ ਵਿੱਚ ਰਹਿੰਦੇ ਹਨ। ਉਨ੍ਹਾਂ ਨੇ ਜੋ ਹੋਰ ਯਾਦਾਂ ਸਾਂਝੀਆਂ ਕੀਤੀਆਂ, ਉਹ ਹੇਠ ਲਿਖੀਆਂ ਹਨ :

ਪੰਜਾਬੀ ਕਵੀ, ਉਸਤਾਦ ਸ਼ਾਇਰ ਸ੍ਰੀ ਬਰਕਤ ਰਾਮ 'ਯੁਮਨ' ਜੀ ਦੇ ਪੁੱਤਰ ਸ੍ਰੀ ਸੁਭਾਸ਼ ਸ਼ਰਮਾ ਜੀ ਨੇ ਦੱਸਿਆ ਕਿ ਪੰਡਿਤ ਰਾਮ ਸਰਨ ਜੀ ਉਨ੍ਹਾਂ ਦੇ ਦਾਦਾ ਜੀ ਦੇ ਕਾਵਿ ਗੁਰੂ ਸਨ। ਦੋਵਾਂ ਵਿੱਚ ਬਹੁਤ ਸਨੇਹ ਸੀ। ਇਹ ਦੋਵੇਂ ਅਤੇ ਨਾਲ ਦੂਸਰੇ ਕਵੀ ਸਾਥੀ ਆਜ਼ਾਦੀ ਲਈ ਅੰਗਰੇਜ਼ਾਂ ਦੇ ਖ਼ਿਲਾਫ਼ ਕਵਿਤਾਵਾਂ ਪੜ੍ਹਦੇ ਸਨ।

ਸ੍ਰੀ ਸੁਭਾਸ਼ ਸ਼ਰਮਾ ਜੀ ਨੇ ਇਹ ਵੀ ਦਸਿਆ ਕਿ ਜਿਸ ਦਿਨ ਪੰਡਿਤ ਜੀ ਦੀ ਮੌਤ ਹੋਈ ਸੀ, ਉਸ ਦਿਨ ਪੰਡਿਤ ਬਰਕਤ ਰਾਮ ਯੁਮਨ ਜੀ ਉਨ੍ਹਾਂ ਕੋਲ ਹੀ ਸਨ। ਉਸ ਦਿਨ ਬਹੁਤ ਤੇਜ਼ ਬਾਰਿਸ਼ ਹੋਈ ਸੀ ਅਤੇ ਉਨ੍ਹਾਂ ਦਾ ਅੰਤਮ ਸੰਸਕਾਰ ਕਰਨ 'ਚ ਬਹੁਤ ਔਖ ਹੋਈ ਸੀ।

ਸ੍ਰੀ ਸੁਭਾਸ਼ ਸ਼ਰਮਾ ਜੀ ਨੇ ਆਪਣੀ ਭੂਆ ਜੀ ਸ੍ਰੀਮਤੀ ਪ੍ਰਕਾਸ਼ਵਤੀ ਜੀ ਨਾਲ ਪੰਡਿਤ ਜੀ ਬਾਰੇ ਗੱਲ ਕੀਤੀ ਸੀ। ਸ੍ਰੀਮਤੀ ਪ੍ਰਕਾਸ਼ਵਤੀ ਬਟਾਲਾ ਸ਼ਹਿਰ ਵਿੱਚ ਰਹਿਣ ਵਾਲੀ ਇੱਕ 90 ਸਾਲਾਂ ਦੀ ਔਰਤ ਹੈ। ਉਹ 1947 ਵਿੱਚ 16 ਸਾਲ ਦੇ ਸਨ। ਸ੍ਰੀਮਤੀ ਪ੍ਰਕਾਸ਼ਵਤੀ ਜੀ ਨੇ ਸ੍ਰੀ ਸੁਭਾਸ਼ ਜੀ ਨੂੰ ਦਸਿਆ ਕਿ ਉਨ੍ਹਾਂ ਨੇ ਪੰਡਿਤ ਜੀ ਨੂੰ ਲਾਹੌਰ ਦੇ ਗਵਾਲ ਮੰਡੀ ਮੁਹੱਲੇ ਦੀ ਇਤਿਹਾਸਕ ਇਮਾਰਤ 'ਅੰਮ੍ਰਿਤਧਾਰਾ' ਦੇ ਹਾਲ ਵਿੱਚ ਆਯੋਜਿਤ ਕਵੀ ਦਰਬਾਰਾਂ ਵਿੱਚ ਕਈ ਵਾਰ ਵੇਖਿਆ ਸੀ। ਸ੍ਰੀਮਤੀ ਪ੍ਰਕਾਸ਼ਵਤੀ ਜੀ ਨੇ ਅੱਗੇ ਦੱਸਿਆ ਕਿ ਉਹ ਇੱਕ ਬਹੁਤ ਵਡੇ ਵਿਦਵਾਨ ਅਤੇ ਦੇਸ-ਭਗਤ ਸਨ। ਉਹ ਗੋਰੇ ਰੰਗ ਦੇ ਸਨ ਅਤੇ ਚਸ਼ਮਾ ਲਾਉਂਦੇ ਸਨ। ਉਹ ਸਿਲਕ ਦਾ ਕੁੜਤਾ ਅਤੇ ਹਿੰਦੂ ਵਿਦਵਾਨਾਂ ਵਾਂਗ ਧੋਤੀ ਲਾਉਂਦੇ ਸਨ।

ਡਾ. ਵਿਭਾ ਸ਼ਰਮਾ

ਮਰਹੂਮ ਪੰਡਿਤ ਰਾਮ ਸਰਨ ਐਡਵੋਕੇਟ ਜੀ ਦੀ ਦੋਹਤੀ,
ਸਹਾਇਕ ਪ੍ਰੋਫ਼ੈਸਰ (ਰਿਟਾਇਰਡ),
ਐੱਮ. ਸੀ. ਐੱਮ. ਡੀ. ਏ. ਵੀ. ਕਾਲਜ ਫਾਰ ਵਿਮੈਨ,
ਸੈਕਟਰ 36, ਚੰਡੀਗੜ੍ਹ।

ਈ-ਮੇਲ : vibhasharma9@gmail.com

ਪੰਡਿਤ ਰਾਮ ਸਰਨ ਐਡਵੋਕੇਟ

(1895-1946)

ਪੰਡਿਤ ਰਾਮ ਸਰਨ ਐਡਵੋਕੇਟ/ਪੰਡਿਤ ਰਾਮ ਸਰਨ ਦਾਸ ਲਾਹੌਰ ਦੇ ਕਾਨੂੰਨੀ ਅਤੇ ਸਾਹਿਤਕ ਖੇਤਰ ਵਿੱਚ ਇੱਕ ਪ੍ਰਮੁੱਖ ਸ਼ਖਸੀਅਤ ਸਨ। ਉਨ੍ਹਾਂ ਨੇ ਲਾਹੌਰ ਵਿੱਚ 'ਪੰਜਾਬੀ ਲਿਟਰੇਰੀ ਲੀਗ' ਸਥਾਪਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ 'ਪੰਜਾਬੀ ਸਭਾ', ਪੰਜਾਬ ਦੇ ਉਪ-ਪ੍ਰਧਾਨ ਸਨ। ਉਨ੍ਹਾਂ ਦੀਆਂ ਸਾਹਿਤਕ ਰਚਨਾਵਾਂ ਵਿੱਚ ਸ਼ਾਮਲ ਹਨ :

1. ਪੰਜਾਬ ਦੇ ਗੀਤ (1931)
2. ਸ਼੍ਰੀਮਦ ਭਗਵਦ ਗੀਤਾ (1935) ਦਾ ਪੰਜਾਬੀ - ਗੁਰਮੁਖੀ ਤੇ ਦੇਵਨਾਗਰੀ ਲਿਪੀ (ਕਵਿਤਾ) ਵਿੱਚ ਅਨੁਵਾਦ
3. ਵੈਦਿਕ ਸੰਧਿਆ ਦਾ ਸਰਲ ਹਿੰਦੀ (ਕਵਿਤਾ) ਵਿੱਚ ਅਨੁਵਾਦ ਕੀਤਾ।
4. ਆਜ਼ਾਦੀ ਤੋਂ ਪਹਿਲਾਂ 'ਪ੍ਰੀਤਲੜੀ' ਅਤੇ 'ਫੁਲਵਾੜੀ' ਵਰਗੇ ਵੱਖ-ਵੱਖ ਪੰਜਾਬੀ ਰਸਾਲਿਆਂ ਵਿੱਚ ਉਹਨਾਂ ਦੀਆਂ ਕਵਿਤਾਵਾਂ ਤੇ ਲੇਖ ਛਪੇ।
5. ਸਿੰਘਾਂ ਤੇ ਅੰਗਰੇਜ਼ਾਂ ਦੀ ਲੜਾਈ (ਬੈਂਤ ਸ਼ਾਹ ਮੁਹੰਮਦ) ਸੰਨ 1921 ਵਿੱਚ ਸੰਪਾਦਿਤ ਪੁਸਤਕ।

ਡਾ. ਵਿਭਾ ਸ਼ਰਮਾ

ਪੰਡਿਤ ਰਾਮ ਸਰਨ ਜੀ ਦੀ ਨਵਾਸੀ

ISBN : 978-93-49222-47-2

ਨਿਊ ਬੁੱਕ ਕੰਪਨੀ

ਮਾਈ ਹੀਰਾਂ ਗੇਟ, ਜਲੰਧਰ-144008